(2)

ਵਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/ਡਾਇਰੈਕਟਰ/ਰਜਿਸਟਰਾਰ,
ਸਮੂਹ ਬਹੁਤਕਨੀਕੀ/ਇੰਜੀਨੀਅਰਿੰਗ ਕਾਲਜ।

ਮੀਮੋ ਨੰ: 1 ਤਸਿ/ਪੀ.ਐਮ.ਐਸ. 1880-2080/ਸਕਾਲਰਸ਼ਿਪ
ਮਿਤੀ: 28/8/12

ਵਿਸ਼ਾ: ਸ਼ਿਕਾਇਤ ਨੰ: ਸ(ਗ) 158/12 ਮਿਤੀ 18.07.2012 ਨੂੰ ਸ੍ਰੀ ਰਜੇਸ਼ ਬੱਗਾ, ਚੇਅਰਮੈਨ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਦੀ ਕਾਰਵਾਈ ਭੇਜਣ ਬਾਰੇ।

ਇਸ ਰਾਹੀਂ ਆਪ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ ਵਲੋਂ ਪ੍ਰਾਪਤ ਪੱਤਰ ਨੰ: ਸ(ਗ)-158/12/ਪਰਅਜਕ/2012/3146 ਮਿਤੀ 09.08.2012 ਦੀ ਕਾਪੀ ਭੇਜੀ ਜਾਂਦੀ ਹੈ। ਇਹ ਬੇਨਤੀ ਕੀਤੀ ਜਾਂਦੀ ਹੈ ਕਿ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਫੀਸਾਂ ਅਤੇ ਹੋਰ ਖਰਚੇ ਵਸੂਲਣ ਸਬੰਧੀ ਜਾਰੀ ਹਦਾਇਤਾਂ ਦੀ ਇੰਨਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਨੱਥੀ/ਉਪਰੋਕਤ ਅਨੁਸਾਰ

ਕੋਆਰਡੀਨੇਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
27/8/12

ਪਿੱਠ ਅੰਕਣ ਨੰ: 1 ਤਸਿ/ਪੀ.ਐਮ.ਐਸ./ ਮਿਤੀ:

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੌਥੀ ਮੰਜਿਲ, ਕਮਰਾ ਨੰ: 8, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਉਹਨਾਂ ਦੀ ਮੀਮੋ ਨੰ: ਸ (ਗ)-158/12/ਪਰਜਜਕ/2012/3146 ਮਿਤੀ 09.08.2012 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਕੋਆਰਡੀਨੇਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ

ਚੌਥੀ ਮੰਜ਼ਿਲ ,ਕਮਰਾ ਨੰਬਰ 8, ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ।

ਨੰ: ਸ(ਗ)-158/12/ਪਰਅਜਕ/2012/ 3946

ਸੇਵਾ ਵਿਖੇ

ਪੀ.ਏ./ਏ.ਡੀ.ਟੀ.ਈ. (ਐ-
ਡਾਇਰੀ ਨੰ..2125
ਮਿਤੀ 17.8.12

1. ਪ੍ਰਮੁੱਖ ਸਕੱਤਰ,
   ਤਕਨੀਕੀ ਅਤੇ ਉਦਯੋਗਿਕ ਸਿਖਲਾਈ ਵਿਭਾਗ,
   ਪੰਜਾਬ ਚੰਡੀਗੜ।
2. ਸਕੱਤਰ, ਪੰਜਾਬ ਸਰਕਾਰ,
   ਉਚੇਰੀ ਸਿੱਖਿਆ, ਵਿਭਾਗ,
   ਚੰਡੀਗੜ।
3. ਸਕੱਤਰ, ਪੰਜਾਬ ਸਰਕਾਰ,
   ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ,
   ਚੰਡੀਗੜ।

ਮਿਤੀ, ਚੰਡੀਗੜ੍ਹ 9-8-2012

ਵਿਸ਼ਾ:- ਸ਼ਿਕਾਇਤ ਨੰ: ਸ (ਗ) 158/12- ਮਿਤੀ 18-07-2012 ਨੂੰ ਸ੍ਰੀ ਰਾਜੇਸ਼ ਬਾਘਾ ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਦੀ ਕਾਰਵਾਈ ਭੇਜਣ ਸਬੰਧੀ।

*****

ਉਪਰੋਕਤ ਵਿਸੇ ਤੇ ਮਿਤੀ 18-07-2012 ਨੂੰ ਅਨੁਸੂਚਿਤ ਜਾਤੀਆ ਕਮਿਸਨ ਦੀ ਮੀਟਿੰਗ ਹੋਈ ਸੀ , ਜਿਸ ਵਿਚ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸਨ ਨੰ: 3/74/07-ਐਸ.ਏ.1/ 1058-1061 ਮਿਤੀ ਚੰਡੀਗੜ 25-06-2010 ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਅਤੇ ਪੰਜਾਬ ਰਾਜ ਅਧੀਨ ਚੱਲ ਰਹੀਆਂ ਸਿੱਖਿਅਤ ਸਰਕਾਰੀ ਅਤੇ ਗੈਰ ਸਿੱਖਿਅਤ ਸੰਸਥਾਵਾਂ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਫੀਸਾ ਅਤੇ ਹੋਰ ਖਰਚੇ ਵਸੂਲਣ ਲਈ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ।

2. ਉਕਤ ਨੋਟੀਫਿਕੇਸਨ ਰਾਹੀਂ ਫੀਸਾ ਅਤੇ ਹੋਰ ਖਰਚੇ ਲੈਣ ਤੋਂ ਮਨਾਹੀ ਕੀਤੀ ਹੋਈ ਹੈ। ਇਸ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਉਕਤ ਨੋਟੀਫਿਕੇਸਨ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਵਿਦਿਆਰਥੀਆਂ ਦੀ ਸੂਚਨਾ ਹਿੱਤ ਇਸ ਸਬੰਧੀ ਨੋਟਿਸ ਬੋਰਡ ਤੇ ਲਿਖਾਇਆ ਜਾਵੇ।

ਵਿਸਵਾਸਪਾਤਰ

ਮੈਂਬਰ ਸਕੱਤਰ